# ਕਲਾਸ ਨੌਵੀਂ
## ਖਾਲੀ ਥਾਂਵਾਂ

1. ਏਮਨਾਬਾਦ ਦੇ ਅੰਦਰ ਗੁਰੂ ਨਾਨਕ ਦੇਵ ਜੀ ਦਾ ਸੱਚਾ ਸੁੱਚਾ ਸਿੱਖ ............ ਰਹਿੰਦਾ ਸੀ।
   (ੳ) ਭਾਈ ਭਗੀਰਥ
   (ਅ) ਭਾਈ ਲਾਲੋ
   (ੲ) ਭਾਈ ਮਨਸੁੱਖ
2. ਜਦੋਂ ਪੰਡਿਤ ਗੰਗਾ ਵਿੱਚ ਸੂਰਜ ਨੂੰ ਪਾਣੀ ਦੇ ਰਹੇ ਸੀ ਤਾਂ ਗੁਰੂ ਨਾਨਕ ਦੇਵ ਜੀ ............ ਨੂੰ ਪਾਣੀ ਦੇਣ ਲੱਗ ਪਏ।
   (ੳ) ਚੰਦਰਮਾ
   (ਅ) ਗਰੀਬਾਂ
   (ੲ) ਆਪਣੇ ਖੇਤਾਂ
3. "ਗੁਰੂ ਨਾਨਕ ਦੇਵ ਜੀ" ਦੇ ਉਸ ਸਿੱਖ ਦਾ ਨਾਮ ............ ਹੈ ਜਿਹੜਾ ਗੁਰੂ ਜੀ ਨੂੰ ਮਿਲਣ ਤੋਂ ਪਹਿਲਾ ਚੋਰੀ ਕਰਦਾ ਹੁੰਦਾ ਸੀ ਬਾਅਦ 'ਚ ਸਿੱਖ ਬਣਿਆ।
   (ੳ) ਭਾਈ ਸੱਜਣ
   (ਅ) ਭਾਈ ਭੂਮੀਆ
   (ੲ) ਭਾਈ ਬਾਲਾ
4. ਅਜੋਕੇ ਪੰਜਾਬ ਵਿੱਚ ਉਸ ਥਾਂ ਦਾ ਨਾਮ ............... ਹੈ ਜਿੱਥੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਜ਼ਿੰਦਗੀ ਦਾ ਸਭ ਤੋਂ ਵੱਧ ਸਮਾਂ ਗੁਜਾਰਿਆ।
   (ੳ) ਬਟਾਲਾ
   (ਅ) ਲੱਖੀ ਜੰਗਲ
   (ੲ) ਸੁਲਤਾਨਪੁਰ ਲੋਧੀ
5. .................ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਹਰਗੋਬਿੰਦ ਸਾਹਿਬ ਜੀ ਤੱਕ ਉਹਨਾਂ ਦੀ ਸੇਵਾ ਵਿੱਚ ਰਹੇ।
   (ੳ) ਭਾਈ ਗੁਰਦਾਸ ਜੀ
   (ਅ) ਬਾਬਾ ਬੁੱਢਾ ਜੀ
   (ੲ) ਬਾਬਾ ਬਿਧੀ ਚੰਦ ਜੀ

**ਉੱਤਰ 1.(ਅ) 2.(ੲ) 3.(ਅ) 4.(ੲ) 5.(ਅ)**

## ਠੀਕ ਗਲਤ

1. ਬੱਚਿਆਂ ਲਈ ਸਕੂਲ ਵਿੱਚ ਗੁਰਮਤਿ ਵਿੱਦਿਆ ਹੋਣੀ ਚਾਹੀਦੀ ਹੈ।( )
2. ਬੱਚੇ ਮਾਤਾ-ਪਿਤਾ ਤੋਂ ਹੀ ਜ਼ਿਆਦਾਤਰ ਸਿੱਖਦੇ ਹਨ ਇਸ ਲਈ ਮਾਤਾ-ਪਿਤਾ ਦਾ ਗੁਰਸਿੱਖ ਹੋਣਾ ਲਾਜ਼ਮੀ ਹੈ।( )
3. ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਯਾਦ ਕਰਦਿਆਂ ਹਰ ਦੇਸੀ ਮਹੀਨੇ ਦੀ 13 ਤਾਰੀਖ ਨੂੰ ਸੰਗਤ ਨੂੰ ਗੁਰੂ ਘਰਾਂ ਵਿੱਚ ਜੁੜਨਾਂ ਚਾਹੀਦਾ ਹੈ।( )
4. ਸੰਗਤੀ ਰੂਪ ਵਿੱਚ ਬੈਠ ਕੇ ਨਾਮ ਜਪਣ ਦਾ ਫਲ ਜਿਆਦਾ ਮਿਲਦਾ ਹੈ।( )
5. ਸਾਹਿਬਜ਼ਾਦਿਆਂ ਦੀ ਸ਼ਹੀਦੀ 13 ਪੋਹ ਨੂੰ ਹੋਈ।( )
6. 13 ਪੋਹ ਨੂੰ ਹੋਈ ਸਾਹਿਬਜ਼ਾਦਿਆਂ ਦੀ ਇੰਨੀ ਵੱਡੀ ਕੁਰਬਾਨੀ ਨੂੰ ਸਾਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ।( )
7. ਸੰਗਤ ਕਰਦੇ ਸਮੇਂ ਗੱਲਾਂ ਕਰਨੀਆਂ ਚਾਹੀਦੀਆਂ ਹਨ। ( )

**ਉੱਤਰ 1.(√) 2.(√) 3.(√) 4.(√) 5.(√) 6.(√) 7.(x)**

## ਕਠਿਨ ਸ਼ਬਦ

1. **ਤੁਖਾਰੁ** – ਸੁੱਕੀ ਠੰਡਿ।
2. **ਰੈਣਿ** – ਰਾਤ।
3. **ਵੈਣਿ** – ਦੁੱਖ ਭਰੀ ਗੱਲ।
4. **ਹਿਵੈ ਘਰੁ** – ਧੀਰਜ ਵਾਲਾ ਹਿਰਦਾ।
5. **ਪੱਤਲ** – ਭੋਜਨ ਖਾਣ ਵਾਲੇ ਪੱਤਰ।
6. **ਸਿਹਜਾਸਣੀ** – ਮੰਜੇ 'ਤੇ ਪਿਆ ਹੋਇਆ ਬਿਮਾਰ।
7. **ਢੋਢੋਲਿਮੁ ਢੂਢਿਮੁ** – ਤਸੱਲੀ ਨਾਲ ਖੋਜ ਕਰਨੀ।
8. **ਧਵਲਹਰ** – ਚਿੱਟਾ ਬੱਦਲ।
9. **ਰੁਹਲਾ** – ਜਿਹਦੇ ਪੈਰ ਨਾ ਹੋਣ।
10. **ਟੁੰਡਾ** – ਜਿਹਦੇ ਹੱਥ ਨਾ ਹੋਣ।
11. **ਮੁਰਦਾਰ** – ਪਰਾਇਆ ਹੱਕ।
12. **ਮੁਸਲਾ** – ਨਿਮਾਜ ਪੜ੍ਹਨ ਲਈ ਵਿਛਾਇਆ ਹੋਇਆ ਕੱਪੜਾ।
13. **ਖੈਰ** – ਬਖ਼ਸ਼ਿਸ਼।
14. **ਕਿਸਾਰਾ** – ਕਣਕ ਦੇ ਸਿੱਟੇ ਦੇ ਲੂੰਅ।
15. **ਅਸਤਿ** – ਅਖ਼ੀਰ।
16. **ਦਿਗਰਿ** – ਦੂਜਾ।
17. **ਪਰੰਦਏ** – ਪੰਛੀ।
18. **ਚਰਗਾ** – ਮਾਸਾਹਾਰੀ ਜਾਨਵਰ।
19. **ਵਿਕੁੰਨੀ** – ਦੁਖੀ।
20. **ਊਘ** – ਨੀਂਦ ਆਉਂਣੀ।
21. **ਤੁਮਾ** – ਕਉੜਾ ਫ਼ਲ।
22. **ਖਾਲਕ** – ਦੁਨੀਆਂ ਦਾ ਮਾਲਕ।
23. **ਖਤੇ**- ਪਾਪ।
24. **ਦੀਖਿਆ** – ਪੂਰੇ ਗੁਰੂ ਵਲੋਂ ਮਿੱਠਾ ਉਪਦੇਸ਼।

# ਗੁਰਬਾਣੀ ਸਰਲ ਅਰਥ ਅਤੇ ਕੰਠ
## ਪਉੜੀ ਤੇਤੀਵੀਂ

| ਜਪੁਜੀ ਸਾਹਿਬ | ਅਰਥ |
|---|---|
| ੧.ਜੋਰੁ ਨ ਸੁਰਤੀ ਗਿਆਨਿ ਵੀਚਾਰਿ ॥ | ੧. ਸੁਰਤੀ ਦਾ ਜਾਗਣਾ, ਗਿਆਨ ਦੀ ਅਵਸਥਾ ਅਤੇ ਉੱਚੀ ਵੀਚਾਰ ਦੀ ਪ੍ਰਾਪਤੀ ਵੀ ਆਪਣੇ ਹਠ ਨਾਲ ਨਹੀਂ ਹੋ ਸਕਦੀ। |
| ੨.ਜੋਰੁ ਨ ਜੁਗਤੀ ਛੁਟੈ ਸੰਸਾਰੁ ॥ | ੨. ਕਿਸੇ ਜੁਗਤੀ ਵਿਚ ਕੋਈ ਤਾਕਤ ਨਹੀਂ, ਜਿਸ ਦੁਆਰਾ ਸੰਸਾਰ ਤੋਂ ਮੁਕਤ ਹੋਇਆ ਜਾ ਸਕੇ। |
| ੩. ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ | ੩. ਜਿਸ ਵਾਹਿਗੁਰੂ ਦੇ ਹੱਥ ਵਿੱਚ ਤਾਕਤ ਹੈ, ਉਹੀ ਸਾਰੀਆਂ ਕਾਰਵਾਈਆਂ ਕਰਕੇ ਵੇਖਦਾ ਹੈ। |
| ੪. ਨਾਨਕ ਉਤਮੁ ਨੀਚੁ ਨ ਕੋਇ ॥੩੩॥ | ੪. ਨਾਨਕ ਸਤਿਗੁਰੂ ਜੀ ਕਹਿੰਦੇ ਹਨ ਕਿ ਆਪਣੇ ਬਲ ਕਰਕੇ ਕੋਈ ਉੱਤਮ ਨੀਚ ਨਹੀਂ ਹੁੰਦਾ। |

# ਗੁਰਬਾਣੀ ਸਰਲ ਅਰਥ ਅਤੇ ਕੰਠ

ਪਉੜੀ ਚੌਂਤੀਵੀਂ

| ਜਪੁਜੀ ਸਾਹਿਬ | ਅਰਥ |
|---|---|
| ੧. ਰਾਤੀ ਰੁਤੀ ਥਿਤੀ ਵਾਰ ॥ | ੧. ਇਸ ਧਰਤੀ ਦੀ ਖੇਡ ਨੂੰ ਚਲਾਉਣ ਲਈ ਰਾਤਾਂ, ਮੌਸਮ, ਚੰਦਰਮਾ ਦੇ ਦਿਨ ਅਤੇ  ਹਫ਼ਤੇ ਦੇ ਵਾਰ ਗਿਣੇ ਜਾਂਦੇ ਨੇ। |
| ੨. ਪਵਣ ਪਾਣੀ ਅਗਨੀ ਪਾਤਾਲ ॥ | ੨. ਇਸ ਧਰਤੀ ਦੇ ਜੀਵਾਂ ਲਈ ਹਵਾ, ਪਾਣੀ, ਅਗਨੀ ਤੇ ਪਾਤਾਲ ਪੈਦਾ ਕੀਤੇ ਹਨ। |
| ੩. ਤਿਸੁ ਵਿਚਿ ਧਰਤੀ<br>ਥਾਪਿ ਰਖੀ ਧਰਮ ਸਾਲ ॥ | ੩. ਇਸ ਸਭ ਕੁਝ ਦੇ ਵਿਚ ਇਸ ਜ਼ਮੀਨ ਦੀ ਸਿਰਜਣਾ ਤੇ ਸਥਾਪਨਾ ਧਰਮ ਕਮਾਉਣ ਲਈ ਕੀਤੀ ਗਈ ਹੈ। |
| ੪. ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ | ੪. ਇਸ ਧਰਤੀ 'ਤੇ ਕਈ ਪ੍ਰਕਾਰ ਦੇ ਜੀਵ ਕਈ ਸੁਭਾਵਾਂ ਦੇ ਜੀਵ ਅਤੇ ਕਈ ਤਰੀਕਿਆਂ ਦੇ ਜੀਵ ਪੈਦਾ ਕੀਤੇ। |
| ੫. ਤਿਨ ਕੇ ਨਾਮ ਅਨੇਕ ਅਨੰਤ ॥ | ੫. ਅਤੇ ਇਨ੍ਹਾਂ ਜੀਵਾਂ ਦੇ ਨਾਮ, ਨਸਲਾਂ ਬੇਅੰਤ ਪ੍ਰਕਾਰ ਦੀਆਂ ਹਨ। |
| ੬. ਕਰਮੀ ਕਰਮੀ ਹੋਇ ਵੀਚਾਰੁ ॥ | ੬. ਇਸ ਧਰਤੀ ਤੇ ਹਰ ਇੱਕ ਜੀਵ ਦੇ ਕੀਤੇ  ਹੋਏ ਕਰਮਾਂ ਅਨੁਸਾਰ ਵੀਚਾਰ ਹੁੰਦੀ ਹੈ। |

# ਗੁਰਬਾਣੀ ਸਰਲ ਅਰਥ ਅਤੇ ਕੰਠ

## ਪਉੜੀ ਚੌਂਤੀਵੀਂ

| ਜਪੁਜੀ ਸਾਹਿਬ | ਅਰਥ |
|---|---|
| ੧. ਸਚਾ ਆਪਿ ਸਚਾ ਦਰਬਾਰੁ ॥ | ੧. ਵੀਚਾਰ ਕਰਨ ਵਾਲਾ ਪ੍ਰਭੂ ਆਪ ਵੀ ਸਦਾ ਕਾਇਮ ਰਹਿੰਦਾ ਹੈ ਅਤੇ ਉਸਦਾ ਦਰਬਾਰ ਵੀ ਸਦਾ ਅਟੱਲ ਹੈ। |
| ੨. ਤਿਥੈ ਸੋਹਨਿ ਪੰਚ ਪਰਵਾਣੁ ॥ | ੨. ਉਸ ਵਾਹਿਗੁਰੂ ਦੇ ਦਰ 'ਤੇ ਚੁਣੇ ਹੋਏ ਪ੍ਰਵਾਣਿਤ ਸੰਤ ਜਨ ਉਸ ਨੂੰ ਸੋਹਣੇ ਲੱਗਦੇ ਹਨ। |
| ੩. ਨਦਰੀ ਕਰਮਿ ਪਵੈ ਨੀਸਾਣੁ ॥ | ੩. ਵਾਹਿਗੁਰੂ ਉਨ੍ਹਾਂ ਵੱਲ ਵੇਖ ਕੇ ਆਪਣੀ ਬਖ਼ਸ਼ਿਸ਼ ਦੁਆਰਾ ਸੱਚੀ ਮੋਹਰ ਲਾ ਦਿੰਦਾ ਹੈ। |
| ੪. ਕਚ ਪਕਾਈ ਓਥੈ ਪਾਇ ॥ | ੪. ਉਹਦੇ ਦਰਬਾਰ ਵਿਚ ਮਨੁੱਖ ਦੀ ਖੋਟ ਤੇ ਪਵਿੱਤਰਤਾ ਦਾ ਪਤਾ ਚੱਲਦਾ ਹੈ। |
| ੫. ਨਾਨਕ ਗਇਆ ਜਾਪੈ ਜਾਇ ॥੩੪॥ | ੫. ਪਰ ਨਾਨਕ ਸਤਿਗੁਰੂ ਕਹਿੰਦੇ ਹਨ, ਇਨ੍ਹਾਂ ਗੱਲਾਂ ਦਾ ਪਤਾ ਉਸ ਦੇ ਦਰ 'ਤੇ ਪਹੁੰਚਿਆ ਨੂੰ ਹੀ ਲਗਦਾ ਹੈ। |

## **ਗੁਰਬਾਣੀ ਸਰਲ ਅਰਥ ਅਤੇ ਕੰਠ**

ਪਉੜੀ ਪੈਂਤੀਵੀਂ

| ਜਪੁਜੀ ਸਾਹਿਬ | ਅਰਥ |
|---|---|
| ੧. ਧਰਮ ਖੰਡ ਕਾ ਏਹੋ ਧਰਮੁ ॥ | ੧. ਇਹ ਪਿੱਛੇ ਵਾਲੀ ਪਉੜੀ ਵਿੱਚ ਪਹਿਲੀ ਜਮਾਤ, ਧਰਮ ਖੰਡ ਦਾ ਵਖਿਆਨ ਕੀਤਾ ਗਿਆ ਹੈ। |
| ੨. ਗਿਆਨ ਖੰਡ ਕਾ ਆਖਹੁ ਕਰਮੁ ॥ | ੨. ਅਤੇ ਹੁਣ ਦੂਜੀ ਗਿਆਨ ਖੰਡ ਵਾਲੀ ਜਮਾਤ ਦਾ ਵਿਧੀ ਵਿਧਾਨ ਬਿਆਨ ਕਰਦਾ ਹਾਂ। |
| ੩. ਕੇਤੇ ਪਵਣ ਪਾਣੀ ਵੈਸੰਤਰ<br>ਕੇਤੇ ਕਾਨ ਮਹੇਸ ॥ | ੩. ਉਥੇ ਗਿਆਨ ਖੰਡ ਵਾਲੀ ਅੱਖ ਖੁੱਲ੍ਹ ਜਾਂਦੀ ਹੈ ਅਤੇ ਕਈ ਪ੍ਰਕਾਰ ਦੀਆਂ ਹਵਾਵਾਂ, ਪਾਣੀਆਂ, ਅੱਗਾਂ, ਕ੍ਰਿਸ਼ਨ ਅਤੇ ਸ਼ਿਵਜੀ ਅਣਗਿਣਤ ਹੀ ਕੰਮ ਕਰ ਰਹੇ ਹਨ। |
| ੪. ਕੇਤੇ ਬਰਮੇ ਘਾੜਤਿ ਘੜੀਅਹਿ<br>ਰੂਪ ਰੰਗ ਕੇ ਵੇਸ ॥ | ੪. ਪਤਾ ਨਹੀਂ ਕਿੰਨੇ ਕੁ ਬ੍ਰਹਮੇ, ਕਿਤਨੀਆਂ ਸ੍ਰਿਸ਼ਟੀਆਂ ਦੀ ਘਾੜਤਿ ਘੜ ਰਹੇ ਹਨ ਅਤੇ ਕਈ ਰੂਪਾਂ ਰੰਗਾਂ ਅਤੇ ਲਿਬਾਸਾਂ ਵਾਲੇ ਜੀਵ ਘੜ ਰਹੇ ਹਨ। |
| ੫. ਕੇਤੀਆ ਕਰਮ ਭੂਮੀ ਮੇਰ ਕੇਤੇ<br>ਕੇਤੇ ਧੂ ਉਪਦੇਸ ॥ | ੫. ਗਿਆਨ ਅਵਸਥਾ ਵਿਚ ਅਣਗਿਣਤ ਕਰਮ ਧਰਤੀਆਂ ਹਨ, ਅਨੇਕਾਂ ਪਹਾੜ ਅਤੇ ਧ੍ਰੂਅ ਵਰਗੇ ਅਨੇਕਾਂ ਭਗਤ ਸਿੱਖਿਆ ਦਾ ਲੈਣ-ਦੇਣ ਕਰ ਰਹੇ ਹਨ। |

## ਗੁਰਬਾਣੀ ਸਰਲ ਅਰਥ ਅਤੇ ਕੰਠ

ਪਉੜੀ ਪੈਂਤੀਵੀਂ

| ਜਪਜੀ ਸਾਹਿਬ | ਅਰਥ |
|---|---|
| ੧. ਕੇਤੇ ਇੰਦ ਚੰਦ ਸੂਰ ਕੇਤੇ<br>ਕੇਤੇ ਮੰਡਲ ਦੇਸ ॥ | ੧. ਅਨੇਕਾਂ ਇੰਦ੍ਰ, ਚੰਦਰਮਾ, ਸੂਰਜ ਅਤੇ ਅਣਗਿਣਤ ਮੁਲਕ ਉਸ ਗਿਆਨ ਅਵਸਥਾ ਵਿਚ ਦਿਸਦੇ ਹਨ। |
| ੨. ਕੇਤੇ ਸਿਧ ਬੁਧ ਨਾਥ ਕੇਤੇ<br>ਕੇਤੇ ਦੇਵੀ ਵੇਸ ॥ | ੨. ਗਿਆਨ ਖੰਡ ਵਿੱਚ ਅਨੇਕਾਂ ਕਰਾਮਤੀ ਸਿੱਧ, ਬੁੱਧ-ਪੁਰਸ਼, ਜੋਗੀ ਅਤੇ ਅਣਗਿਣਤ ਵੇਸ ਵਾਲੀਆਂ ਦੇਵੀਆਂ ਹਨ। |
| ੩. ਕੇਤੇ ਦੇਵ ਦਾਨਵ ਮੁਨਿ ਕੇਤੇ<br>ਕੇਤੇ ਰਤਨ ਸਮੁੰਦ ॥ | ੩. ਅਣਗਿਣਤ ਦੇਵਤੇ, ਦੈਂਤ, ਮੁਨੀ, ਰਤਨ ਅਤੇ ਸਮੁੰਦਰ ਹਨ। |
| ੪. ਕੇਤੀਆ ਖਾਣੀ ਕੇਤੀਆ ਬਾਣੀ<br>ਕੇਤੇ ਪਾਤ ਨਰਿੰਦ ॥ | ੪. ਅਣਗਿਣਤ ਉਤਪਤੀ ਕਰਨ ਦੀਆਂ ਖਾਣੀਆਂ, ਬੇਅੰਤ ਬੋਲੀਆਂ ਅਤੇ ਬਹੁਤੇ ਰਾਜੇ ਹਨ। |
| ੫. ਕੇਤੀਆ ਸੁਰਤੀ ਸੇਵਕ ਕੇਤੇ<br>ਨਾਨਕ ਅੰਤੁ ਨ ਅੰਤੁ ॥੩੫॥ | ੫. ਅਣਗਿਣਤ ਜਾਗੀ ਹੋਈ ਸੁਰਤੀ ਵਾਲੇ ਸੇਵਕ ਹਨ। ਨਾਨਕ ਸਤਿਗੁਰੂ ਜੀ ਕਹਿੰਦੇ ਹਨ, ਗਿਆਨ ਖੰਡ ਦੇ ਪ੍ਰਕਾਸ਼ ਵਿਚ ਬਹੁਤ ਵੱਡਾ ਪਸਾਰਾ ਨਜ਼ਰ ਆਉਂਦਾ ਹੈ। |

# ਗੁਰਬਾਣੀ ਸਰਲ ਅਰਥ ਅਤੇ ਕੰਠ

## ਪਉੜੀ ਛੱਤੀਵੀਂ

| ਜਪੁਜੀ ਸਾਹਿਬ | ਅਰਥ |
|---|---|
| ੧. ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥ | ੧. ਇਸ ਹੋਸ਼ ਦੇ ਖੰਡ ਵਿਚ ਮਨੁੱਖ ਇੱਕ ਬਹੁਤ ਹੀ ਗਿਆਨ ਦੇ ਪ੍ਰਕਾਸ਼ ਵਿਚ ਰਹਿੰਦਾ ਹੈ। |
| ੨. ਤਿਥੈ ਨਾਦ ਬਿਨੋਦ ਕੋਡ ਅਨੰਦੁ ॥ | ੨. ਇਸ ਗਿਆਨ ਅਵਸਥਾ ਵਿੱਚ ਰੱਬੀ ਕੀਰਤਨ ਦੀਆਂ ਧੁਨਾਂ ਸੁਣਦੀਆਂ ਹਨ, ਰਸ ਭਰੀ ਖੁਸ਼ੀ, ਪ੍ਰਮੇਸ਼ਰ ਦੇ ਆਨੰਦ ਨਾਲ ਭਰੇ ਕੌਤਕ ਗੁਰਮੁਖਿ ਮਾਣਦਾ ਹੈ। |
| ੩. ਸਰਮ ਖੰਡ ਕੀ ਬਾਣੀ ਰੂਪੁ ॥ | ੩. ਅਤੇ ਮਿਹਨਤ ਦੇ ਖਡ ਵਿੱਚ ਮਨੁੱਖ ਦੀ ਸ਼ਬਦ ਸ਼ਕਤੀ ਨਿੱਖ਼ਰ ਆਉਂਦੀ ਹੈ। |
| ੪. ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥ | ੪. ਅਤੇ ਉਸ ਤੀਜੀ ਜਮਾਤ ਵਿੱਚ ਮਨੁੱਖ ਦੇ ਸੁਭਾਅ ਦੀ ਉਪਮਾ ਰਹਿਤ ਸੁੰਦਰਤਾ ਘੜੀ ਜਾਂਦੀ ਹੈ। |

# ਗੁਰਬਾਣੀ ਸਰਲ ਅਰਥ ਅਤੇ ਕੰਠ

ਪਉੜੀ ਛੱਤੀਵੀਂ

| ਜਪੁਜੀ ਸਾਹਿਬ | ਅਰਥ |
|---|---|
| ੧. ਤਾ ਕੀਆ ਗਲਾ ਕਥੀਆ ਨਾ ਜਾਹਿ ॥ | ੧. ਉਸ ਸਵਾਰੀ ਹੋਈ ਸ਼ਬਦ ਸ਼ਕਤੀ ਦੀਆਂ ਗੱਲਾਂ ਕਹੀਆਂ ਨਹੀਂ ਜਾ ਸਕਦੀਆਂ। |
| ੨. ਜੇ ਕੋ ਕਹੈ ਪਿਛੈ ਪਛੁਤਾਇ ॥ | ੨. ਜੇ ਕੋਈ ਕਹੇ ਤਾਂ ਪਛਤਾਉਂਦਾ ਹੈ ਕਿਉਂਕਿ ਥੋੜ੍ਹੇ ਸਮੇਂ ਬਾਅਦ ਉਸ ਸ਼ਬਦ ਰੂਪ ਦੀ ਵਿਆਖਿਆ ਬਦਲ ਜਾਂਦੀ ਹੈ। |
| ੩. ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥ | ੩. ਉਸ ਅਵਸਥਾ ਵਿਚ ਮਨੁੱਖ ਦੀ ਸੁਰਤੀ ਉਠ ਖਲੋਂਦੀ ਹੈ, ਮਤੁ ਦੇ ਫ਼ੈਸਲੇ ਅਟਲ ਹੁੰਦੇ ਹਨ, ਮਨ ਇਕਾਗਰ ਹੁੰਦਾ ਹੈ ਅਤੇ ਵੀਚਾਰ ਦੇ ਵਿਚ ਪ੍ਰਕਾਸ਼ ਆ ਜਾਂਦਾ ਹੈ। |
| ੪. ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥੩੬॥ | ੪. ਉਸ ਸਰਮ ਖੰਡ ਦੀ ਕਲਾਸ ਵਿਚ ਉੱਚੀ ਮਰਿਯਾਦਾ ਵਾਲੇ ਕਾਮਯਾਬ ਪੁਰਸ਼ਾਂ ਦੀ ਹੋਸ਼ ਨੂੰ ਘੜ੍ਹ ਕੇ ਅਤੀ ਸੁੰਦਰ ਕੀਤਾ ਜਾਂਦਾ ਹੈ। |

# ਗੁਰਬਾਣੀ ਸਰਲ ਅਰਥ ਅਤੇ ਕੰਠ

## ਪਉੜੀ ਸੈਂਤੀਵੀਂ

| ਜਪੁਜੀ ਸਾਹਿਬ | ਅਰਥ |
|---|---|
| ੧. ਕਰਮ ਖੰਡ ਕੀ ਬਾਣੀ ਜੋਰੁ ॥ | ੧. ਚੌਥੀ ਜਮਾਤ ਵਿੱਚ ਪਹੁੰਚਦਿਆਂ ਹੀ ਗੁਰਮੁਖਿ ਦੇ ਬਚਨਾਂ ਵਿਚ ਅਥਾਹ ਰੂਹਾਨੀ ਸ਼ਕਤੀ ਪੈਦਾ ਹੁੰਦੀ ਹੈ। |
| ੨. ਤਿਥੈ ਹੋਰੁ ਨ ਕੋਈ ਹੋਰੁ ॥ | ੨. ਉਸ ਅਵਸਥਾ ਤੱਕ ਕੋਈ ਐਰ-ਗ਼ੈਰ ਨਹੀਂ ਪਹੁੰਚ ਸਕਦਾ। |
| ੩. ਤਿਥੈ ਜੋਧ ਮਹਾਬਲ ਸੂਰ ॥ | ੩. ਉਸ ਅਵਸਥਾ ਵਿਚ ਸਿਰ ਦੇਣ ਵਾਲੇ ਯੋਧੇ ਅਤੇ ਸ਼ਬਦ ਦੀ ਕਮਾਈ ਵਾਲੇ ਸੂਰਮੇ ਹੀ ਪਹੁੰਚਦੇ ਹਨ। |
| ੪. ਤਿਨ ਮਹਿ ਰਾਮੁ ਰਹਿਆ ਭਰਪੂਰ ॥ | ੪. ਉਨ੍ਹਾਂ ਦੀ ਨਿਸ਼ਾਨੀ ਕੀ ਹੈ? ਉਨ੍ਹਾਂ ਦੇ ਇੱਕ-ਇੱਕ ਰੋਮ ਵਿੱਚ ਪ੍ਰਮੇਸ਼ਰ ਵਾਹਿਗੁਰੂ ਨੱਕੋ-ਨੱਕ ਭਰਿਆ ਹੋਇਆ ਅਤੇ ਪ੍ਰਗਟ ਹੋਇਆ ਹੈ। |

# ਗੁਰਬਾਣੀ ਸਰਲ ਅਰਥ ਅਤੇ ਕੰਠ

ਪਉੜੀ ਸੈਂਤੀਵੀਂ

| ਜਪੁਜੀ ਸਾਹਿਬ | ਅਰਥ |
|---|---|
| ੧. ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥ | ੧. ਉਸ ਚੌਥੀ ਜਮਾਤ ਵਿਚ ਪਹੁੰਚੇ ਮਨੁੱਖਾਂ ਦੀ ਸੁਰਤੀ ਪ੍ਰਮੇਸ਼ਰ ਦੀ ਮਹਿਮਾ ਵਿਚ ਸੀਤੀ ਜਾਂਦੀ ਹੈ। |
| ੨. ਤਾ ਕੇ ਰੂਪ ਨ ਕਥਨੇ ਜਾਹਿ ॥ | ੨. ਐਸੇ ਗੁਰਮੁਖਾਂ ਦੇ ਅੰਦਰੂਨੀ ਰੂਹਾਨੀ ਦਰਸ਼ਨ ਬੋਲ ਕੇ ਨਹੀਂ ਦੱਸੇ ਜਾ ਸਕਦੇ। |
| ੩. ਨਾ ਓਹਿ ਮਰਹਿ ਨ ਠਾਗੇ ਜਾਹਿ ॥ | ੩. ਉਸ ਅਵਸਥਾ ਵਿਚ ਪਹੁੰਚੇ ਹੋਏ ਗੁਰਮੁਖਾਂ ਦੇ ਜੀਵਨ ਵਿਚੋਂ ਮੌਤ ਖੰਭ ਲਗਾ ਕੇ ਉੱਡ ਜਾਂਦੀ ਹੈ ਅਤੇ ਕੋਈ ਵੀ ਵਿਕਾਰ ਉਨ੍ਹਾਂ ਨੂੰ ਠੱਗ ਨਹੀਂ ਸਕਦਾ। |
| ੪. ਜਿਨ ਕੈ ਰਾਮੁ ਵਸੈ ਮਨ ਮਾਹਿ ॥ | ੪. ਇਹ ਦਾਤ ਉਨ੍ਹਾਂ ਨੂੰ ਮਿਲਦੀ ਹੈ, ਜਿਹਨਾਂ ਦੇ ਮਨ ਵਿੱਚ ਵਾਹਿਗੁਰੂ ਵੱਸਿਆ ਹੋਇਆ ਹੈ। |

# ਗੁਰਬਾਣੀ ਸਰਲ ਅਰਥ ਅਤੇ ਕੰਠ

## ਪਉੜੀ ਸੈਂਤੀਵੀਂ

| ਜਪੁਜੀ ਸਾਹਿਬ | ਅਰਥ |
|---|---|
| ੧. ਤਿਥੈ ਭਗਤ ਵਸਹਿ ਕੇ ਲੋਅ ॥ | ੧. ਉਸ ਥਾਂ 'ਤੇ ਕਈ ਧਰਤੀਆਂ ਦੇ ਭਗਤ ਇਕੱਠੇ ਵਸਦੇ ਨੇ। |
| ੨. ਕਰਹਿ ਅਨੰਦੁ ਸਚਾ ਮਨਿ ਸੋਇ ॥ | ੨. ਅਤੇ ਅਨੰਦ ਨੂੰ ਭੋਗਦੇ ਹਨ। ਉਨ੍ਹਾਂ ਦੇ ਮਨ ਵਿਚ ਸੱਚਾ ਵਾਹਿਗੁਰੂ ਸਦਾ ਨਿਵਾਸ ਕਰ ਜਾਂਦਾ ਹੈ। |
| ੩. ਸਚ ਖੰਡਿ ਵਸੈ ਨਿਰੰਕਾਰੁ ॥ | ੩. ਪੰਜਵੀਂ ਜਮਾਤ ਸੱਚਖੰਡ ਵਿਚ ਪਹੁੰਚਦਿਆਂ ਹੀ ਉਸ ਥਾਂ 'ਤੇ ਵਸੇ ਹੋਏ ਅਕਾਰ ਰਹਿਤ ਪ੍ਰਮੇਸ਼ਰ ਦੇ ਦੀਦਾਰ ਹੁੰਦੇ ਹਨ। |
| ੪. ਕਰਿ ਕਰਿ ਵੇਖੈ ਨਦਰਿ ਨਿਹਾਲ ॥ | ੪. ਉਸ ਅਵਸਥਾ ਵਿਚ ਪ੍ਰਭੂ ਆਪਣੇ ਭਗਤਾਂ ਨੂੰ ਸੰਪੂਰਣ ਕਰਿ-ਕਰਿ ਕੇ ਵੇਖਦਾ ਅਤੇ ਰਹਿਮਤ ਨਾਲ ਨਿਹਾਲ ਕਰਦਾ ਹੈ। |
| ੫. ਤਿਥੈ ਖੰਡ ਮੰਡਲ ਵਰਭੰਡ ॥ | ੫. ਉਸ ਅਵਸਥਾ ਵਿਚ ਗੁਰਮੁਖਿ ਦੀ ਪਹੁੰਚ ਕਈ ਧਰਤੀਆਂ ਅਤੇ ਬ੍ਰਹਮੰਡਾਂ ਤੱਕ ਹੋ ਜਾਂਦੀ ਹੈ। |